# ਮਿਤੀ 28/05/2011 ਨੂੰ ਹੋਈ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈ.ਸਿ) ਦੀ ਮਹੀਨਾਵਾਰ ਮੀਟਿੰਗ ਦੇ ਮਿਨਟ

1. ਉਕਤ ਮੀਟਿੰਗ ਦੀ ਪ੍ਰਧਾਨਗੀ ਮਾਨਯੋਗ ਡੀ.ਜੀ.ਐਸ.ਈ ਵੱਲੋਂ ਕੀਤੀ ਗਈ ਅਤੇ ਪਿਕਟਸ ਦੇ ਏਜੰਡੇ ਤੇ ਵਿਚਾਰ ਚਰਚਾ ਲਈ ਜਿਨ੍ਹਾਂ ਅਧਿਕਾਰੀਆਂ ਨੇ ਹਿੱਸਾ ਲਿਆ, ਉਨ੍ਹਾਂ ਦੀ ਸੂਚੀ ਨਾਲ ਨੱਥੀ ਹੈ। ਮੀਟਿੰਗ ਦੌਰਾਨ ਹੇਠ ਲਿਖੇ ਮੁੱਦਿਆਂ ਤੇ ਵਿਚਾਰ ਕੀਤਾ ਗਿਆ ਅਤੇ ਫੈਸਲੇ ਲਏ ਗਏ।

2. <u>**ਰਿਵਿਊ ਪੀਰੀਅਡ**</u>

   ਇਹ ਫੈਸਲਾ ਕੀਤਾ ਗਿਆ ਕਿ ਮਹੀਨਾਵਾਰ ਮੀਟਿੰਗ ਦਾ ਰਿਵਿਊ ਪੀਰੀਅਡ ਪੂਰੇ ਪਿਛਲੇ ਮਹੀਨੇ (ਪਹਿਲੀ ਤਾਰੀਖ ਤੋਂ ਅੰਤਿਮ ਤਾਰੀਖ ਤੱਕ) ਦਾ ਹੋਵੇਗਾ।

3. <u>**ICT ਪ੍ਰੋਜੈਕਟ ਦੇ ਫੇਸ-1 ਤੋਂ ਫੇਸ-4 ਤੱਕ ਦੇ ਹਾਰਡਵੇਅਰ ਦੀ ਰਿਪੇਅਰ**</u>

   ਇਹ ਫੈਸਲਾ ਕੀਤਾ ਗਿਆ ਕਿ M/s HCL ਅਤੇ M/s GCL ਆਪਣੀ ਵੈਬਸਾਈਟ ਦੀ User ID ਅਤੇ Password ਸਾਰੇ ਜ਼ਿਲ੍ਹਾ ICT ਕੋਆਰਡੀਨੇਟਰਾਂ ਨੂੰ ਅਤੇ ਸਕੂਲ ਮੁਖੀਆਂ ਨੂੰ ਦੱਸਣਗੇ। ਇਨ੍ਹਾਂ ਦੋਵਾਂ ਕੰਪਨੀਆਂ ਨੂੰ ਅਤੇ ਸਾਰੇ ICT ਕੋਆਰਡੀਨੇਟਰਾਂ ਨੂੰ ਮੀਟਿੰਗ ਤੋਂ ਤਿੰਨ ਦਿਨ ਪਹਿਲੇ ਸਾਰੀਆਂ ਪੈਡਿੰਗ Problems ਦਾ ਵੇਰਵਾ ਭੇਜਿਆ ਜਾਵੇਗਾ ਅਤੇ ਦੋਵੇਂ ਧਿਰਾਂ ਮੀਟਿੰਗ ਵਿੱਚ ਆਉਣ ਤੋਂ ਪਹਿਲਾਂ ਇੱਕ ਦੂਜੇ ਨਾਲ ਰਿਪੇਅਰ ਲਈ ਪੈਂਡਿੰਗ ਹਾਰਡਵੇਅਰ ਬਾਰੇ ਵਿਚਾਰ-ਵਟਾਂਦਰਾ ਕਰਨਗੇ ਅਤੇ ਮੀਟਿੰਗ ਵਿੱਚ ਇਸ ਬਾਰੇ ਦੋਵਾਂ ਧਿਰਾਂ ਵਿਚਾਲੇ ਕੋਈ ਮੱਤਭੇਦ ਨਹੀਂ ਹੋਣਾ ਚਾਹੀਦਾ ਹੈ। M/s GCL ਨੂੰ ਸਖਤ ਤਾੜਨਾ ਕੀਤੀ ਗਈ ਹੈ ਕਿ ਉਹ ਆਪਣੇ ਕੰਮ ਨੂੰ ਹੋਰ ਸੁਚਾਰੂ ਬਣਾਉਣ ਅਤੇ ਸਾਰਾ ਖਰਾਬ ਹਾਰਡਵੇਅਰ ਮੀਟਿੰਗ ਵਿੱਚ ਆਉਣ ਤੋਂ ਪਹਿਲਾਂ ਠੀਕ ਕਰਵਾਉਣਾ ਯਕੀਨੀ ਬਣਾਉਣ।

4. <u>**ਸਕੂਲਾਂ ਵਿੱਚ ਕੰਪਿਊਟਰ ਹਾਰਡਵੇਅਰ ਚੋਰੀ ਹੋਣ ਬਾਰੇ**</u>

   (a) ਮੀਟਿੰਗ ਦੌਰਾਨ ਇਹ ਧਿਆਨ ਵਿੱਚ ਲਿਆਂਦਾ ਗਿਆ ਕਿ ਜ਼ਿਲ੍ਹਾ ਲੁਧਿਆਣਾ, ਤਰਨਤਾਰਨ, ਮੋਗਾ ਅਤੇ ਹੁਸ਼ਿਆਰਪੁਰ ਵਿੱਚ ਚੋਰੀ ਹੋਏ ਹਾਰਡਵੇਅਰ ਬਾਰੇ FIR ਦਰਜ ਕਰਵਾਉਣ ਵਿੱਚ ਬਹੁਤ ਮੁਸ਼ਕਿਲ ਆ ਰਹੀ ਹੈ। ਬਹੁਤ ਲੰਬੇ ਸਮੇਂ ਤੋਂ ਕਈ ਕੇਸ ਪੈਡਿੰਗ ਹਨ। ਇਹ ਫੈਸਲਾ ਕੀਤਾ ਗਿਆ ਕਿ ਇਸ ਬਾਰੇ ਪ੍ਰਮੁੱਖ ਸਕੱਤਰ ਗ੍ਰਹਿ ਵਿਭਾਗ ਨੂੰ

ਚਿੱਠੀ ਲਿਖੀ ਜਾਣੀ ਚਾਹੀਦੀ ਹੈ ਅਤੇ ਮਾਨਯੋਗ ਡਿਪਟੀ ਸੀ.ਐਮ ਦੀ ਮੀਟਿੰਗ ਇਹ ਮੁੱਦਾ ਉਠਾਉਣ ਲਈ ਵੀ ਏਜੰਡਾ ਤਿਆਰ ਕੀਤਾ ਜਾਣਾ ਚਾਹੀਦਾ ਹੈ।

(b) M/s HCL ਅਤੇ M/s GCL ਨੂੰ ਹਦਾਇਤ ਕੀਤੀ ਗਈ ਕਿ FIR ਮਿਲਣ ਤੇ replacement 10 ਦਿਨ੍ਹਾਂ ਦੇ ਵਿੱਚ-ਵਿੱਚ ਸਕੂਲ ਨੂੰ ਮਿਲ ਜਾਣੀ ਚਾਹੀਦੀ ਹੈ।

5. <u>ਕੰਪਿਊਟਰ ਫੀਸ</u>

ਸਾਰੇ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ (ਸੈ.ਸਿ) ਨੂੰ ਹਦਾਇਤ ਕੀਤੀ ਗਈ ਕਿ ਉਨ੍ਹਾਂ ਵੱਲੋਂ ਕੰਪਿਊਟਰ ਫੀਸ ਦਾ ਬਕਾਇਆ ਜਲਦੀ ਤੋਂ ਜਲਦੀ ਅਦਾ ਕੀਤਾ ਜਾਣਾ ਚਾਹੀਦਾ ਹੈ। ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈ.ਸਿ) ਮਾਨਸਾ ਨੂੰ ਆਦੇਸ਼ ਦਿੱਤਾ ਗਿਆ ਕਿ ਉਹ ਜਲਦੀ ਤੋਂ ਜਲਦੀ 8000/-ਰੁਪੈ ਦੇ ਗਬਨ ਬਾਰੇ ਕੇਸ ਨੂੰ ਨਿਪਟਾਉਣ ਅਤੇ ਰਿਕਵਰੀ ਕਰਕੇ ਪੈਸੇ ਜਮ੍ਹਾਂ ਕਰਵਾਏ ਜਾਣ।

6. <u>ਇੰਟਰਨੈੱਟ ਦੇ ਬਾਕੀ ਰਹਿੰਦੇ ਕੁਨੈਕਸ਼ਨ ਲਗਵਾਉਣ ਬਾਰੇ</u>

ਇਹ ਵੇਖਿਆ ਗਿਆ ਹੈ ਕਿ ਜ਼ਿਲ੍ਹਿਆਂ ਵਿੱਚ ਬਹੁਤ ਸਾਰੇ ਸਕੂਲਾਂ ਵਿੱਚ ਇੰਟਰਨੈੱਟ ਕੁਨੈਕਸ਼ਨ BSNL ਵੱਲੋਂ TNF(Technically non Feasible) ਹੋਣ ਕਰਕੇ ਲੱਗ ਨਹੀਂ ਸਕੇ ਹਨ। ਹਰ ਸਕੂਲ ਵਿੱਚ ਇੰਟਰਨੈੱਟ ਦੇ ਕੁਨੈਕਸ਼ਨ ਦੀ ਜ਼ਰੂਰਤ ਨੂੰ ਸਮਝਦੇ ਹੋਏ ਸਾਰੇ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ (ਸੈ.ਸਿ) ਨੂੰ ਹਦਾਇਤ ਕੀਤੀ ਗਈ ਕਿ ਉਹ ਹਰ ਉਪਲੱਬਧ ਵਿਕਲਪ ਨੂੰ ਖੋਜਣ ਅਤੇ ਉਸਦੀ ਵਿਸਥਾਰਪੂਰਵਕ ਪੂਰੀ ਜਾਣਕਾਰੀ ਇਸ ਦਫਤਰ ਨੂੰ ਭੇਜਣ, ਤਾਂ ਜੋ ਇੰਟਰਨੈੱਟ ਕੁਨੈਕਸ਼ਨ ਜਲਦੀ ਤੋਂ ਜਲਦੀ ਲਗਵਾਇਆ ਜਾ ਸਕੇ। ਕਈ ਜ਼ਿਲ੍ਹਿਆਂ ਵਿੱਚ ਅਜੇ ਵੀ ਕੁੱਝ ਸਕੂਲਾਂ ਵਿੱਚ BROADBAND/WIMAX ਕੁਨੈਕਸ਼ਨ ਬਾਕੀ ਹਨ, ਉਹ ਜਲਦੀ ਤੋਂ ਜਲਦੀ ਲੱਗ ਜਾਣੇ ਚਾਹੀਦੇ ਹਨ।

7. <u>ਅਸਤੀਫਾ ਦੇਣ ਤੇ ਨੋਟਿਸ ਪੀਰੀਅਡ ਦੀ ਤਨਖਾਹ ਨਾ ਜਮ੍ਹਾਂ ਕਰਵਾਉਣ ਬਾਰੇ</u>

ਇਹ ਵੇਖਿਆ ਗਿਆ ਕਿ ਹੇਠ ਲਿਖਿਆਂ ਜ਼ਿਲ੍ਹਿਆਂ ਵਿੱਚੋਂ ਕੁੱਝ ਕੰਪਿਊਟਰ ਟੀਚਰ ਅਸਤੀਫਾ ਦੇ ਕੇ ਗਏ ਹਨ, ਪਰ ਨੋਟਿਸ ਪੀਰੀਅਡ ਦੀ ਤਨਖਾਹ ਜਮ੍ਹਾਂ ਨਹੀਂ ਕਰਵਾਈ ਹੈ :-

| Sr no: | District | Number of defaulter | Amount due | Amount recovered till date | Balance |
|---|---|---|---|---|---|
| 1 | Fateh Garh Sahib | 4 | 73000 | 42000 | 31000 |
| 2 | Jalandhar | 4 | 76500 | 21000 | 55500 |
| 3 | Kapurthala | 1 | 13500 | 0 | 13500 |
| 4 | Ludhiana | 1 | 10000 | 0 | 10000 |
| 5 | Mohali | 1 | 14000 | 0 | 14000 |
| 6 | Muktsar | 1 | 20000 | 0 | 20000 |
| 7 | Nawanshahar | 3 | 48000 | 13500 | 34500 |
| 8 | Ropar | 1 | 10880 | 0 | 10880 |
| | **Gross Total** | **16** | **265880** | **76500** | **189380** |

ਉਕਤ ਰਕਮ ਦੀ ਵਸੂਲੀ ਕਰਨਾ ਬਹੁਤ ਜ਼ਰੂਰੀ ਹੈ। ਇਹ ਫੈਸਲਾ ਕੀਤਾ ਗਿਆ ਕਿ ਇਨ੍ਹਾਂ ਟੀਚਰਾਂ ਜਾਂ ਉਨ੍ਹਾਂ ਦੇ ਮਾਤਾ-ਪਿਤਾ ਨਾਲ ਜ਼ਿਲ੍ਹਾਂ ਸਿੱਖਿਆ ਅਧਿਕਾਰੀ (ਸੈ.ਸਿ) ਸੰਪਰਕ ਪੈਦਾ ਕਰਕੇ ਰਹਿੰਦੀ ਰਕਮ ਜਮ੍ਹਾਂ ਕਰਵਾਉਣ ਲਈ ਹਦਾਇਤ ਕਰਨਗੇ। ਅਗਰ ਪੈਸਾ ਇਸ ਤਰ੍ਹਾਂ ਵਸੂਲ ਨਹੀਂ ਹੁੰਦਾ ਹੈ ਤਾਂ FIR ਦਰਜ ਕਰਵਾਈ ਜਾਣੀ ਚਾਹੀਦੀ ਹੈ। ਇਸ ਦੇ ਨਾਲ-ਨਾਲ ASPD (ICT) ਵੱਲੋਂ ਸੈਕਸ਼ਨ 80 ਅਧੀਨ ਨੋਟਿਸ ਜਾਰੀ ਕੀਤੇ ਜਾਣਗੇ।

8. <u>ਜ਼ਿਲ੍ਹਿਆਂ ਅਤੇ ਸਕੂਲਾਂ ਵਿੱਚ ਵਿੱਤੀ ਕੰਮਕਾਜ ਵਿੱਚ ਤਰੁੱਟੀਆਂ ਬਾਰੇ</u>

ਉਕਤ ਤੇ ਚਰਚਾ ਦੌਰਾਨ ਇਹ ਧਿਆਨ ਵਿੱਚ ਆਇਆ ਕਿ ਜ਼ਿਲ੍ਹਿਆਂ ਅਤੇ ਸਕੂਲਾਂ ਵਿੱਚ ICT ਦੇ ਅਕਾਊਂਟ ਨੂੰ ਠੀਕ ਤਰ੍ਹਾਂ ਨਹੀਂ ਚਲਾਇਆ ਜਾ ਰਿਹਾ ਹੈ। ਇਸ ਦੇ ਮੱਦੇਨਜ਼ਰ ਹੇਠ ਲਿਖੇ ਫੈਸਲੇ ਲਏ ਗਏ :-

(ੳ) ਸਕੂਲਾਂ ਦੇ ਸਾਰੇ ਅਕਾਊਂਟ saving account ਹੋਣਗੇ। ਜਿਨ੍ਹਾਂ ਸਕੂਲਾਂ ਨੇ current account ਖੋਲ੍ਹੇ ਹੋਏ ਹਨ, ਉਹ ਇਨ੍ਹਾਂ ਨੂੰ ਤੁਰੰਤ saving account ਵਿੱਚ ਤਬਦੀਲ ਕਰਵਾਉਣਗੇ।

(ਅ) ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈ.ਸਿ) ਉਨ੍ਹਾਂ ਬੈਂਕਾਂ ਨੂੰ ਜਿਨ੍ਹਾਂ ਨੇ ਪਿਛਲੇ ਕਾਫੀ ਸਮੇਂ ਤੋਂ ਵਿਆਜ ਨਹੀਂ ਦਿੱਤਾ ਹੈ, ਨੂੰ ਸਰਕਾਰ ਨੂੰ ਨੁਕਸਾਨ ਪਹੁੰਚਾਉਣ ਲਈ "ਕਾਰਨ ਦੱਸੋ" ਨੋਟਿਸ ਜਾਰੀ ਕਰਨਗੇ।

(ੲ) ਸਰਕਲ AMF(ICT) ਹਰ ਜ਼ਿਲ੍ਹੇ ਦੇ ਅਕਾਊਂਟ ਦਾ audit ਕਰਨ ਤੋਂ ਬਾਅਦ ਵਾਧੂ ਪਏ ਪੈਸੇ ਬਾਰੇ ਪੂਰਾ ਵੇਰਵਾ ਮੁੱਖ ਦਫਤਰ ਨੂੰ ਭੇਜਣਗੇ।

(ਸ) ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈ.ਸਿ) ਨੂੰ ਸਕੂਲ ਨੂੰ ਵੰਡੇ ਫੰਡ ਦਾ ਵਰਤੋਂ ਸਰਟੀਫਿਕੇਟ ਲੈਣ ਨੂੰ ਯਕੀਨੀ ਬਣਾਉਣ ਲਈ ਹਦਾਇਤ ਕੀਤੀ ਗਈ।